ਸਾਹਿਤਕ ਕਵੀ, ਕਹਾਣੀਕਾਰ,
ਲੇਖਕ ਅਤੇ
ਗੀਤ ਸੰਗੀਤ ਵਿੱਚ ਰੁਚੀ
ਰੱਖਣ ਵਾਲਿਆਂ ਲਈ
ਫੋਟੋ ਅਤੇ ਆਪਣੀ ਨਿੱਜੀ
ਰਚਨਾ ਭੇਜਣ ਲਈ
Whatsapp No
416 700 9100
vishavpunjabisanjh@gmail.com

ਰੋਜ਼ਾਨਾ

# ਵਿਸ਼ਵ ਪੰਜਾਬੀ ਸਾਂਝ

ਮੁੱਖ ਦਫ਼ਤਰ : ਵਿਸ਼ਵ ਪੰਜਾਬੀ ਭਵਨ, 114 ਕੈਨੇਡੀ ਰੋਡ ਬਰੈਂਪਟਨ, ਓਟਾਂਰੀਓ



ਮੁੱਖ ਸੰਪਾਦਕ
ਡਾ.ਦਲਬੀਰ ਸਿੰਘ ਕਥੂਰੀਆ

Dalbir Singh Kathuria, CEO
905-230-4800
416-700-9100
BramptonCashandCarry2023@gmail.com
100 KENNEDY ROAD S., BRAMPTON ON L6W 3E7, CANADA
BRAMPTON CASH & CARRY

Village of India
905.450.3333
villageofindia.ca
114 KENNEDY ROAD SOUTH BRAMPTON, ON, L6W 3E7
BUFFET | DINE IN | TAKE OUT | CATERING | LUNCH & DINNER | SWEETS

# ਨਾਟਕ "ਵਤਨਾਂ ਵੱਲ ਫੇਰਾ ਹੌਸਲਾ" ਦੇ ਸਫਲ ਮੰਚਨ ਲਈ ਅਵਾਰਡ ਸੈਰਾਮਨੀ ਦਾ ਆਯੋਜਨ










ਬਰੈਂਪਟਨ 17 ਨਵੰਬਰ (ਵਿਸ਼ਵ ਪੰਜਾਬੀ ਸਾਂਝ, ਕੈਨੇਡਾ) – ਪੰਜਾਬੀ ਆਰਟਸ ਐਸੋਸੀਏਸ਼ਨ ਵੱਲੋਂ ਨਾਟਕ "ਵਤਨਾਂ ਵੱਲ ਫੇਰਾ ਹੌਸਲਾ" ਦੇ ਸਫਲ ਮੰਚਨ ਤੇ ਅਵਾਰਡ ਸੈਰਾਮਨੀ ਦਾ ਆਯੋਜਨ ਕੀਤਾ ਗਿਆ। ਇਸ ਅਵਾਰਡ ਸੈਰਾਮਨੀ
ਦੌਰਾਨ ਨਾਟਕ ਨੂੰ ਸਫਲ ਬਣਾਉਣ ਲਈ ਕਿਰਦਾਰ ਨਿਭਾਉਣ ਵਾਲੇ ਕਲਾਕਾਰ, ਨਿਰਦੇਸ਼ਨ ਦੀ ਟੀਮ, ਬੈਕ ਗਰਾਊਂਡ ਸੰਗੀਤ ਦੇਣ ਵਾਲੀ ਟੀਮ, ਚੀਫ ਗੈਸਟ, ਆਮ ਲੋਕ ਅਤੇ ਸਪਾਂਸਰ ਟੀਮਾਂ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਪੰਜਾਬੀ ਆਰਟਸ ਐਸੋਸੀਏਸ਼ਨ ਵੱਲੋਂ "ਵਤਨਾਂ ਵੱਲ ਫੇਰਾ ਹੌਸਲਾ" ਨਾਟਕ ਦੇ ਦੋ ਸ਼ੋਅ ਕੀਤੇ ਗਏ ਸਨ ਦੋਨੋਂ ਸ਼ੋ ਕਾਫੀ ਸਫ਼ਲ ਰਹੇ ਸਨ, ਦਰਸ਼ਕਾਂ ਦਾ ਭਰਪੂਰ ਸਮਰਥਨ ਮਿਲਿਆ ਸੀ ।

ਇਸ ਅਵਾਰਡ ਸੈਰਾਮਨੀ ਦੌਰਾਨ ਨਿਰਦੇਸ਼ਕ ਸਰਬਜੀਤ ਅਰੋੜਾ, ਬੈਕਗਰਾਊਂਡ ਸੰਗੀਤਕਾਰ ਪ੍ਰੀਤ ਸੰਘਾ, ਗੀਤਕਾਰ ਚਰਨਜੀਤ ਸਿੰਘ, ਬਾਸੁਰੀ ਵਾਦਕ ਵਿਸ਼ਾਲ ਬੇਦੀ ਤੋ ਇਲਾਵਾ ਨਾਟਕ ਵਿੱਚ ਵੱਖ-ਵੱਖ ਕਿਰਦਾਰ ਨਿਭਾਉਣ ਵਾਲੇ ਲਵ ਧਵਨ, ਅਰਵ ਭੁੱਲਰ, ਅਦਿੱਤੀ, ਰਮਨ, ਵਿਲੀਅਮ ਜੀਤ, ਅਵਤਾਰ ਮੇਜ਼ਰ, ਨਵਜੋਤ ਸੈਂਡੀ, ਸੰਦੀਪ, ਸਚਿਨ, ਤਰਨ, ਅਰਸ਼ਦੀਪ, ਕਿਰਨ ਨੂੰ ਸਨਮਾਨਿਤ ਕੀਤਾ ਗਿਆ, ਉਥੇ ਹੀ ਸਪਾਂਸਰ ਕਿਚਨਰ ਫਿਊਨਰਲ ਹੋਮ ਗੋਗੀ ਸਿੱਧੂ, ਪੈਕੀ ਧੰਜੂ ਟੀਡੀ ਬੈਂਕ, ਡਾਉਨੀ ਐਨੀਮਲ ਹੋਸ ਪੀਰੀਅਲ ਡਾਕਟਰ ਰਵੀ ਰਾਏ, ਦਵਿੰਦਰ ਗ੍ਰੇਵਾਲ ,ਐਬਰਫੋਇਲ ਟਰੱਕ ਸੈਂਟਰ ਕੰਗ ਫੈਮਿਲੀ , ਪੀਜ਼ਾ ਐਂਡ ਪੱਬ ਹਿੰਮਤ ਹਾਰਾ ਦਾ ਵੀ ਵਿਸ਼ੇਸ਼ ਸਨਮਾਨ ਕੀਤਾ ਗਿਆ।

ਇਸ ਦੌਰਾਨ ਪੰਜਾਬੀ ਆਰਟਸ ਐਸੋਸੀਏਸ਼ਨ ਦੀ ਟੀਮ ਨੇ ਕਿਹਾ ਕਿ ਸਫਲਤਾ ਤੁਹਾਨੂੰ ਹੋਰ ਵੀ ਬਿਹਤਰ ਕੰਮ ਕਰਨ ਲਈ ਪ੍ਰੇਰਿਤ ਕਰਦੀ ਹੈ, "ਵਤਨਾਂ ਵੱਲ ਫੇਰਾ ਹੌਸਲਾ" ਨੂੰ ਦਰਸ਼ਕਾਂ ਦੇ ਮਿਲੇ ਅਥਾਹ ਪਿਆਰ ਨੇ ਉਹਨਾਂ ਅੰਦਰ ਹੋਰ ਵੀ ਜਿਆਦਾ ਮਿਹਨਤ ਨਾਲ ਕੰਮ ਕਰਨ ਦਾ ਜਜ਼ਬਾ ਪੈਦਾ ਕੀਤਾ। ਉਹ ਉਮੀਦ ਕਰਦੇ ਨੇ ਕਿ ਦਰਸ਼ਕਾਂ ਦਾ ਪਿਆਰ ਤੇ ਹੌਸਲਾ ਉਨ੍ਹਾਂ ਲਈ ਹਮੇਸ਼ਾ ਬਰਕਰਾਰ ਰਹੇਗਾ।

ਇਸ ਦੌਰਾਨ ਬਲਜਿੰਦਰ ਲੇਲਣਹਾ ਅਤੇ ਸਰਬਜੀਤ ਅਰੋੜਾ ਵੱਲੋਂ ਵਿਸ਼ਵ ਪੰਜਾਬੀ ਸਭਾ ਦੇ ਚੇਅਰਮੈਨ ਡਾਕਟਰ ਦਲਬੀਰ ਸਿੰਘ ਕਥੂਰੀਆ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਜਿਨਾਂ ਨੇ ਨਾਟਕ ਦੀ ਰਿਹਰਸਲ ਲਈ ਵਿਸ਼ਵ ਪੰਜਾਬੀ ਭਵਨ ਕਲਾਕਾਰਾਂ ਨੂੰ ਸੌਂਪ ਦਿੱਤਾ ਅਤੇ ਜ਼ਰੂਰਤ ਦਾ ਸਮਾਨ ਬਰੈਂਪਟਨ ਕੈਸ਼ ਐਂਡ ਕੈਰੀ ਤੋਂ ਮੁਹੱਈਆ ਕਰਵਾਇਆ।

ਇਸ ਮੌਕੇ ਤੇ ਮਾਣਮੱਤੀਆਂ ਸ਼ਖਸ਼ੀਅਤਾਂ ਵਿੱਚ ਸਫਾਕਤ ਅਲੀ ਖਾਨ ਐਮ.ਪੀ.ਪੀ , ਡਿਪਟੀ ਚੇਅਰ ਪੀਲ ਬੋਰਡ ਸਤਪਾਲ ਜੌਹਲ ਸੀਨੀਅਰ ਪੱਤਰਕਾਰ,ਵਿਸ਼ਵ ਪੰਜਾਬੀ ਸਭਾ ਦੇ ਚੇਅਰਮੈਨ ਡਾਕਟਰ ਦਲਬੀਰ ਸਿੰਘ ਕਥੂਰੀਆ, ਹਰਮਿੰਦਰ ਗ੍ਰੇਵਾਲ, ਸਰਬਜੀਤ ਸਿੰਘ ਅਰੋੜਾ, ਹਰਪ੍ਰੀਤ ਸੰਘਾ, ਜਗਵਿੰਦਰ ਜੱਜ, ਕੁਲਦੀਪ ਰੰਧਾਵਾ, ਨਵਜੋਤ ਸਿੰਘ ਨਰੂਲਾ, ਪ੍ਰੀਤ ਸੰਘਾ, ਰਜਤ ਮਨਚੰਦਾ ਵੀ ਮੌਜੂਦ ਸਨ।










Only This Weekend
BRAMPTON
CASH & CARRY
Importer | Wholesaler | Retailer
100 KENNEDY RD S
BRAMPTON, ON
L6W 3E7
GURPURAB SPECIAL
FROM 15TH NOV,2024 TO 17TH NOV,2024
IN STORE ONLY
$13.99
Sher Atta 20lb
$16.99
Rajdhani Mustard Oil 5l
$2.49
Dempster Bread
$2.09
Modhani Dahi 750gm
$23.99
Savera Desi ghee 1.5kg
$2.99
Potato 10lb
$6.49
Milk 3.2% 4L
9.99
Brown Sugar 11lb
+905-230-4800

# EV ਵਾਹਨਾਂ ਦਾ 30 ਪ੍ਰਤੀਸ਼ਤ ਟੀਚਾ ਮੁਸ਼ਕਲ ਨਹੀਂ : ਬਲਬੀਰ ਸਿੰਘ ਢਿੱਲੋਂ





ਨਵੀਂ ਦਿੱਲੀ, 17 ਨਵੰਬਰ (ਜਸਵਿੰਦਰ ਸਿੰਘ ਬਿੱਟਾ)- ਔਡੀ ਇੰਡੀਆ ਦੇ ਪ੍ਰਧਾਨ ਬਲਬੀਰ ਸਿੰਘ ਢਿੱਲੋਂ ਨੇ ਕਿਹਾ ਕਿ ਭਾਰਤ ਵਿੱਚ ਇਲੈਕਟ੍ਰਿਕ ਮੋਬਿਲਿਟੀ ਸ਼ੁਰੂਆਤੀ ਦੌਰ ਵਿੱਚ ਹੈ। ਕਿਸੇ ਵੀ ਵੱਡੇ ਬਦਲਾਅ ਦੇ ਲਈ ਵਕਤ ਦੀ ਜ਼ਰੂਰਤ ਹੁੰਦੀ ਹੈ।

ਭਾਰਤ ਸਰਕਾਰ ਦੇ ਸਾਲ 2030 ਤੱਕ 30 ਫ਼ੀਸਦੀ ਇਲੈਕਟ੍ਰਿਕ ਵਹੀਕਲਾਂ ਦੇ ਟੀਚੇ ਤੇ ਉਹਨਾਂ ਕਿਹਾ ਕਿ ਇਸ ਨੂੰ ਹਾਸਲ ਕਰਨਾ ਮੁਸ਼ਕਲ ਨਹੀਂ ਹੈ, ਤੇ ਇਸਦੇ ਲਈ ਸਰਕਾਰ ਨੂੰ ਚਾਰਜਿੰਗ ਬੁਨਿਆਦੀ ਢਾਂਚੇ ਨੂੰ ਵਿਕਸਤ ਕਰਨਾ ਹੋਵੇਗਾ। ਬਲਬੀਰ ਸਿੰਘ ਢਿੱਲੋਂ ਨੇ ਕਿਹਾ ਕਿ ਇਲੈਕਟ੍ਰਿਕ ਮੋਬਿਲਿਟੀ ਨੂੰ ਅਜ਼ੇ ਕੁੱਝ ਸਾਲ ਹੋਏ ਹਨ । ਜਿੱਥੋ ਤੱਕ ਵਿਕਰੀ ਵਿੱਚ ਕਮੀ ਦਾ ਸਵਾਲ ਹੈ, ਤਾਂ ਕਾਰੋਬਾਰ ਵਿੱਚ ਉਤਰਾਅ-ਚੜਾਅ ਆਉਂਦੇ ਰਹਿੰਦੇ ਹਨ।

**EV ਵਾਹਨਾਂ ਦੀ ਗਿਣਤੀ ਵਧਣ ਨਾਲ ਬੈਟਰੀ ਦੀ ਲਾਗਤ ਘੱਟੇਗੀ**

EV ਵਿੱਚ ਬੈਟਰੀਆਂ ਦੀ ਉੱਚ ਕੀਮਤ ਬਾਰੇ ਔਡੀ ਇੰਡੀਆ ਦੇ ਪ੍ਰਧਾਨ ਨੇ ਕਿਹਾ ਕਿ ਜਿਵੇਂ-ਜਿਵੇਂਈਵੀ ਵਾਹਨਾਂ ਦੀ ਗਿਣਤੀ ਵਧੇਗੀ, ਬੈਟਰੀਆਂ ਦੀ ਕੀਮਤ ਵਿੱਚ ਕਮੀ ਆਵੇਗੀ। ਉਨ੍ਹਾਂ ਕਿਹਾ ਕਿ ਪਿਛਲੇ ਕੁਝ ਸਾਲਾਂ ਵਿੱਚ ਅਸੀਂ ਉਸ ਹੱਦ ਤੱਕ ਪਹੁੰਚਣ ਦੀ ਪ੍ਰਕਿਰਿਆ ਵਿੱਚ ਹਾਂ। ਇਹ ਹੋ ਸਕਦਾ ਹੈ ਕਿ ਭਾਰਤ ਵਿੱਚ ਸਾਡੇ ਲਈ ਅਜੇ ਅਜਿਹਾ ਨਾ ਹੋਵੇ, ਪਰ ਸਮੇਂ ਦੇ ਨਾਲ ਬੈਟਰੀ ਦੀਆਂ ਕੀਮਤਾਂ ਸਥਿਰ ਹੋਣਗੀਆਂ। ਇਸ ਨਾਲ ਉਨ੍ਹਾਂ ਦੀ ਗੁਣਵੱਤਾ ਵਿੱਚ ਵੀ ਸੁਧਾਰ ਹੋਵੇਗਾ। ਔਡੀ ਦਾ ਹਵਾਲਾ ਦਿੰਦੇ ਹੋਏ ਬਲਬੀਰ ਸਿੰਘ ਢਿੱਲੋਂ ਨੇ ਕਿਹਾ ਕਿ ਉਨ੍ਹਾਂ ਦੇ ਗਰੁੱਪ ਨੇ ਵਿਸ਼ਵ ਪੱਧਰ 'ਤੇ ਆਪਣੇ ਕਈ ਪਲਾਂਟਾਂ 'ਤੇ ਬੈਟਰੀਆਂ ਦਾ ਨਿਰਮਾਣ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜੇਕਰ ਕੰਪਨੀਆਂ ਖ਼ੁਦ ਬੈਟਰੀਆਂ ਤਿਆਰ ਕਰਨ ਤਾਂ ਉਨ੍ਹਾਂ ਦੀ ਲਾਗਤ ਘੱਟ ਜਾਵੇਗੀ।

**ਚਾਰਜਿੰਗ ਸਟੇਸ਼ਨ 'ਤੇ ਨੈੱਟਵਰਕ ਜ਼ਰੂਰੀ**

EV ਖ਼ਰੀਦਦਾਰਾਂ ਦੇ ਫੀਡਬੈਕ ਬਾਰੇ ਵਿੱਚ ਢਿੱਲੋਂ ਨੇ ਕਿਹਾ ਕਿ ਉਹਨਾਂ ਦੇ ਗਾਹਕਾਂ ਕੋਲ ਇੱਕ ਤੋਂ ਵੱਧ ਕਾਰਾਂ ਹਨ। ਇਸ ਲਈ ਉਹਨਾਂ ਦੇ ਲਈ ਇਲੈਕਟ੍ਰਿਕ ਕਾਰ ਦਾ ਮਾਲਕ ਹੋਣਾ ਹੁਣ ਤੱਕ ਇੱਕ ਖੁਸ਼ੀ ਦੀ ਗੱਲ ਰਹੀ ਹੈ। ਪਰ ਉਨ੍ਹਾਂ ਖਰੀਦਦਾਰਾਂ ਵੱਲੋਂ ਦੋ ਸ਼ਹਿਰਾਂ ਦੇ ਵਿਚਕਾਰ ਚਾਰਜਿੰਗ ਬੁਨਿਆਦੀ ਢਾਂਚੇ ਅਤੇ ਕਾਰ ਦੀ ਮੁੜ ਵਿਕਰੀ ਮੁੱਲ ਬਾਰੇ ਸਵਾਲ ਪ੍ਰਾਪਤ ਹੋਏ ਹਨ। ਔਡੀ ਨੇ 140 ਚਾਰਜਿੰਗ ਸਟੇਸ਼ਨ ਬਣਾਏ ਹਨ, ਪਰ ਇਹ ਕਾਫ਼ੀ ਨਹੀਂ ਹਨ । EV ਨੂੰ ਉਤਸ਼ਾਹਿਤ ਕਰਨ ਲਈ ਚਾਰਜਿੰਗ ਸਟੇਸ਼ਨਾਂ ਦਾ ਨੈੱਟਵਰਕ ਬਹੁਤ ਮਹੱਤਵਪੂਰਨ ਹੈ। ਇਸ ਦੇ ਨਾਲ ਚਾਰਜਿੰਗ ਸਟੇਸ਼ਨ ਸਥਾਪਤ ਕਰਨ ਵਾਲੀਆਂ ਸਾਰੀਆਂ ਕੰਪਨੀਆਂ ਇੱਕ ਐਪ 'ਤੇ ਹੋਣੀਆਂ ਚਾਹੀਦੀਆਂ ਹਨ। ਇਸ ਲਈ ਈਵੀ ਮਾਲਕ ਆਸਾਨੀ ਨਾਲ ਨੇੜਲੇ ਚਾਰਜਿੰਗ ਸਟੇਸ਼ਨਾਂ ਨੂੰ ਲੱਭ ਸਕਦੇ ਹਨ। ਸ਼ਹਿਰਾਂ ਦੇ ਅੰਦਰ ਚਾਰਜਿੰਗ ਸਟੇਸ਼ਨਾਂ ਦੀ ਬਹੁਤੀ ਸਮੱਸਿਆ ਨਹੀਂ ਹੈ, ਪਰ ਹਾਈਵੇਅ 'ਤੇ ਹਾਈ-ਸਪੀਡਚਾਰਜਿੰਗ ਬੁਨਿਆਦੀ ਢਾਂਚੇ ਦੀ ਲੋੜ ਹੈ।

**ਜ਼ਰੂਰੀ ਸੂਚਨਾਂ**

ਵਿਸ਼ਵ ਪੰਜਾਬੀ ਸਭਾ ਕੈਨੇਡਾ ਵੱਲੋਂ ਆਪਣਾ ਰੋਜ਼ਾਨਾ ਅਖ਼ਬਾਰ ਸ਼ੁਰੂ ਕੀਤਾ ਗਿਆ ਹੈ,ਜਿਸ ਦਾ ਨਾਮ 'ਵਿਸਵ ਪੰਜਾਬੀ ਸਾਂਝ'ਰੱਖਿਆ ਗਿਆ ਹੈ। ਤੁਸੀ ਆਪਣੀਆਂ ਰਚਨਾਵਾਂ/ਕਹਾਣੀ/ ਲੇਖ ਜਾਂ ਸਾਹਿਤਕ ਕਿਰਤ ਛੱਪਣ ਲਈ ਭੇਜ ਸਕਦੇ ਹੋ।

ਲਿਖਤਾਂ ਭੇਜਣ ਲਈ ਈਮੇਲ ਪਤਾ
vishavPunjabisanjh@gmail.com

ਲੇਖਕ ਆਪਣਾ ਨਾਮ ਫੋਨ ਨੰਬਰ ਅਤੇ ਫੋਟੋ ਵੀ ਜਰੂਰ ਭੇਜਣ ਦੀ ਕ੍ਰਿਪਾਲਤਾ ਕਰੋਂ

ਨੋਟ : ਅਖ਼ਬਾਰ ਵਿੱਚ ਭੇਜੀਆ ਰਚਨਾਵਾਂ ਜਾਂ ਸਮੱਗਰੀ ਸਾਹਿਤਕ ਅਤੇ ਸੱਭਿਅਕ ਹੋਵੇ ਸਮਾਜ ਨੂੰ ਸੇਧ ਦੇਣ ਵਾਲੀ ਹੋਵੇ।

ਅਖ਼ਬਾਰ ਵਿੱਚ ਸ਼ਾਮਿਲ ਲਿਖਤਾਂ ਤੇ ਵਿਚਾਰਾਂ ਲਈ ਲੇਖਕ ਖੁਦ ਜ਼ਿੰਮੇਵਾਰ ਹੈ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਮਹਾਰਾਣੀ ਦੀ ਰੋਲਸ ਰਾਇਸ ਕਾਰ ਵਿਆਹੁਤਾ ਵਿਵਾਦ ਦਾ ਬਣੀ ਮੁੱਦਾ

ਨਵੀਂ ਦਿੱਲੀ, 17 ਨਵੰਬਰ (ਜਸਵਿੰਦਰ ਸਿੰਘ ਬਿੱਟਾ)-1951 ਮਾਡਲ ਦੀ ਇੱਕ ਪ੍ਰਾਚੀਨ ਹੱਥ ਨਾਲ ਬਣੀ 'ਕਲਾਸਿਕ ਰੋਲਸ ਰਾਇਸ ਕਾਰ' ਇਕ ਵਿਆਹੁਤਾ ਵਿਵਾਦ ਦਾ ਮੁੱਦਾ ਬਣ ਗਈ। ਸਿਖ਼ਰਲੀ ਅਦਾਲਤ ਨੇ ਦਾਜ਼ ਦੀ ਮੰਗ ਅਤੇ ਬੇਰਹਿਮੀ ਦੇ ਦੋਸ਼ਾਂ ਨੂੰ ਲੈ ਕੇ ਇੱਕ ਔਰਤ ਦੁਆਰਾ ਦਾਇਰ ਪਟੀਸ਼ਨ 'ਤੇ ਸੁਣਵਾਈ ਕੀਤੀ ਔਰਤ ਦਾ ਇਲਜ਼ਾਮ ਹੈ ਕਿ ਪਤੀ ਨੇ ਦਾਜ਼ ਵਜੋਂ ਰੋਲਸ ਰਾਇਸ ਕਾਰ ਅਤੇ ਮੁੰਬਈ ਵਿੱਚ ਇੱਕ ਫਲੈਟ ਦੀ ਮੰਗ ਕੀਤੀ ਅਤੇ ਜੇਕਰ ਇਹ ਪੂਰੀ ਨਹੀਂ ਹੋਈ ਤਾਂ ਉਸਨੇ ਵਿਆਹ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ। ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਉੱਜਲ ਭੂਈਆ ਦੀ ਬੈਚ ਨੇ ਬੁੱਧਵਾਰ ਨੂੰ ਸੀਨੀਅਰ ਵਕੀਲ ਵਿਭਾ ਦੱਤਾ ਮਾਖੀਜਾ ਰਾਹੀਂ ਮਹਿਲਾ ਦੀ ਪਟੀਸ਼ਨ 'ਤੇ ਸੁਣਵਾਈ ਕਰਦੇ ਹੋਏ ਦੋਨਾਂ ਪੱਖਾਂ ਦੀ ਗੱਲਬਾਤ ਦੇ ਰਾਹੀ ਹੱਲ ਕੱਢਣ ਦੀ ਸੰਭਾਵਨਾ ਲੱਭਣ ਨੂੰ ਕਿਹਾ। ਮਖੀਜਾ ਦੇ ਅਨੁਰੋਧ ਤੇ ਵਿਚਾਰ ਕਰਦੇ ਹੋਏ ਬੈਚ ਨੇ ਸੀਨੀਅਰ ਵਕੀਲ ਆਰ. ਬਸੰਤ ਨੂੰ ਸਾਲਸ ਨਿਯੁਕਤ ਕੀਤਾ ।

**ਮਹਿਲਾਂ ਦਾ ਉੱਚੇ ਘਰਾਣੇ ਨਾਲ ਸੰਬੰਧ**

ਗਵਾਲੀਅਰ ਦੀ ਵਸਨੀਕ ਔਰਤ ਨੇ ਦਾਅਵਾ ਕੀਤਾ ਕਿ ਉਹ ਇੱਕ ਉੱਚੇ-ਪਰਿਵਾਰ ਨਾਲ ਸਬੰਧ ਰੱਖਦੀ ਹੈ ਜਿਸ ਦੇ ਪੂਰਵਜ ਛੱਤਰਪਤੀ ਸ਼ਿਵਾਜੀ ਮਹਾਰਾਜ ਦੀ ਜਲ ਸੈਨਾ ਵਿੱਚ ਐਡਮਿਰਲ ਸਨ ਜਿਨ੍ਹਾਂ ਨੂੰ ਕੋਂਕਣ ਖੇਤਰ ਦਾ ਸ਼ਾਸਕ ਐਲਾਨਿਆ ਗਿਆ ਸੀ। ਔਰਤ ਨੇ ਦਾਅਵਾ ਕੀਤਾ ਕਿ ਉਸ ਦਾ ਪਤੀ ਅਤੇ ਉਸ ਦਾ ਪਰਿਵਾਰ ਉਸ ਨੂੰ ਦਾਜ਼ ਵਜੋਂ ਰੋਲਸ ਰਾਇਸ ਕਾਰ ਅਤੇ ਮੁੰਬਈ ਵਿੱਚ ਇੱਕ ਫਲੈਟ ਦੀ ਮੰਗ ਕਰਦੇ ਹੋਏ ਲਗਾਤਾਰ ਤੰਗ-ਪ੍ਰੇਸ਼ਾਨ ਕਰਦੇ ਸਨ।

**ਮੰਗ ਪੂਰੀ ਨਹੀਂ ਹੋਈ ਤਾਂ ਵਿਆਹ ਮੰਨਣ ਤੋਂ ਕੀਤਾ ਇਨਕਾਰ**

ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਜਦੋਂ ਮੰਗਾਂ ਪੂਰੀਆਂ ਨਹੀਂ ਹੋਈਆਂ ਤਾਂ ਉਨ੍ਹਾਂ ਨੇ ਵਿਆਹ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਅਤੇ ਮਨਘੜ੍ਹਤ ਦੋਸ਼ ਲਗਾਉਣੇ ਸ਼ੁਰੂ ਕਰ ਦਿੱਤੇ। ਪਤੀ ਨੇ ਦਾਅਵਾ ਕੀਤਾ ਕਿ ਔਰਤ ਨੇ ਗਵਾਲੀਅਰ 'ਚ ਦਰਜ ਧਿਰਾਂ ਵਿਚਾਲੇ ਕਥਿਤ ਵਿਆਹ 'ਧੋਖੇ ਨਾਲ' ਕਰਵਾਇਆ ਸੀ। ਉਸ ਨੇ ਦਾਜ ਵਜੋਂ ਰੋਲਸ ਰਾਇਸ ਕਾਰ ਅਤੇ ਮੁੰਬਈ ਵਿੱਚ ਇੱਕ ਫਲੈਟ ਮੰਗਣ ਦੇ ਦੋਸ਼ਾਂ ਤੋਂ ਵੀ ਇਨਕਾਰ ਕੀਤਾ।



**ਇਹ ਹੈ ਰੋਲਸ ਰਾਇਸ ਕਾਰ**

ਦਰਅਸਲ, ਰੋਲਸ ਰਾਇਸ ਕਾਰ ਇੱਕ ਵਿਲੱਖਣ ਹੱਥ ਨਾਲ ਬਣੀ ਕਾਰ ਹੈ ਅਤੇ ਇਸਨੂੰ HJ ਮੁਲਿਨਰ ਐਂਡ ਕੰਪਨੀ ਦੁਆਰਾ ਬੜੌਦਾ ਦੇ ਮਹਾਰਾਜ ਚਿਮਨਾ ਬਾਈ ਸਾਹਿਬ ਗਾਇਕਵਾੜ ਲਈ ਬਣਾਈਆ ਗਿਆ ਸੀ। ਇਸ ਨੂੰ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੁਆਰਾ ਮਹਾਰਾਣੀ ਦੇ ਲਈ ਮੰਗਵਾਇਆ ਗਿਆ ਸੀ । ਕਾਰ ਅੱਜ ਤੱਕ ਦਾ ਇੱਕ ਮਾਤਰ ਮਾਡਲ ਹੈ ਅਤੇ ਇਸਦੀ ਕੀਮਤ 2.5 ਕਰੋੜ ਰੁਪਏ ਤੋਂ ਜ਼ਿਆਦਾ ਹੈ। ਮਾਮਲੇ ਵਿੱਚ ਅਗਲੀ ਸੁਣਵਾਈ 18 ਦਸੰਬਰ ਨੂੰ ਹੋਵੇਗੀ।

**One Bed Room Basement**

Basement in sharing is available from dec 1st at queen & centre very close to Brampton down town and 2 mins walk to all amenities

437 419 5200

Any single person preferred

ਖੁਸ਼ਖਬਰੀ ! ਖੁਸ਼ਖਬਰੀ ! ਖੁਸ਼ਖਬਰੀ !

ਹੁਣ ਤੁਹਾਡੀ ਸੇਵਾ ਵਿੱਚ BRAMPTON CASH & CARRY ਦੀ ਇੱਕ ਨਵੀਂ ਬਰਾਂਚ ਬਹੁਤ ਜਲਦ ਖੁੱਲ ਰਹੀ ਹੈ |

ਇਸ ਗੱਲ ਦਾ ਖੁਲਾਸਾ ਉੱਘੇ ਉਦਯੋਗਪਤੀ ਦਲਬੀਰ ਸਿੰਘ ਕਥੂਰੀਆ ਨੇ ਕੀਤਾ

3643 Portage Rd, Niagara Falls

416-700-9100







# ਕੁੱਤਿਆਂ ਦੀ ਤਲਾਸ਼ ਵਿੱਚ ਗੁਰੂਗ੍ਰਾਮ ਦੇ ਜੋੜੇ ਦਾ ਪੰਜ਼ ਸਿਤਾਰਾ ਹੋਟਲ ਵਿਚ ਡੇਰਾ



ਆਗਰਾ, 17 ਨਵੰਬਰ, (ਵਿਸ਼ਵ ਪੰਜਾਬੀ ਸਾਂਝ, ਕੈਨੇਡਾ)- ਗੁਰੂਗ੍ਰਾਮ ਦਾ ਇਹ ਜੋੜਾ ਪਿਛਲੇ 12 ਦਿਨਾਂ ਤੋਂ ਵਿਸ਼ਵ ਪ੍ਰਸਿੱਧ ਸਮਾਰਕ ਤਾਜ ਮਹਿਲ ਦੇ ਸ਼ਹਿਰ ਆਗਰਾ ਦੀਆਂ ਗਲੀਆਂ-ਮੁਹੱਲਿਆਂ ਵਿਚ ਦਿਨ-ਰਾਤ ਭਟਕ ਰਿਹਾ ਹੈ। ਉਹ ਪੰਜ ਤਾਰਾ ਹੋਟਲ ਤੋਂ ਗੁੰਮ ਹੋਏ ਹਿਮਾਚਲੀ ਨਸਲ ਦੀ ਇੱਕ ਦੇਸੀ ਮਾਦਾ ਕੁੱਤੇ ਦੀ ਭਾਲ ਕਰ ਰਹੇ ਹਨ । ਉਹ ਹੁਣ ਤੱਕ ਲੱਖਾਂ ਰੁਪਏ ਖ਼ਰਚ ਕਰ ਚੁੱਕੇ ਹਨ। ਲੱਭਣ ਵਾਲੇ ਨੂੰ 50,000 ਰੁਪਏ ਦਾ ਇਨਾਮ ਦੇਣ ਦਾ ਐਲਾਨ ਵੀ ਕੀਤਾ ਗਿਆ ਹੈ ਪਰ ਅਜੇ ਤੱਕ ਕੋਈ ਸਫਲਤਾ ਨਹੀਂ ਮਿਲੀ। ਏਅਰ ਇੰਡੀਆ ਨੈੱਟਵਰਕ ਪਲਾਨਿੰਗ ਦੇ ਗਲੋਬਲ ਹੈੱਡ ਦੀਪਾਯਨ ਅਤੇ ਉਸਦੀ ਪਤਨੀ ਕਸਤੂਰੀ ਆਪਣੇ ਦੋ ਪਾਲਤੂ ਕੁੱਤਿਆਂ ਨਾਲ ਇਕ ਨਵੰਬਰ ਨੂੰ ਆਪਣਾ 40 ਵਾਂ ਜਨਮਦਿਨ ਮਨਾਉਣ ਅਤੇ ਤਾਜਮਹਿਲ ਦੇਖਣ ਦੇ ਲਈ ਆਗਰਾ ਆਏ। ਪੰਜ ਤਾਰਾ ਹੋਟਲ ਤਾਜਵਿਊ ਵਿਖੇ ਠਹਿਰੇ। ਦੋਨਾਂ ਕੁੱਤਿਆਂ ਲਈ 4000 ਰੁਪਏ ਪ੍ਰਤੀ ਦਿਨ ਦੇ ਹਿਸਾਬ ਨਾਲ ਕਮਰਾ ਲਿਆ। 3 ਨਵੰਬਰ ਨੂੰ ਜੋੜੇ ਨੇ ਫਤਿਹਪੁਰ ਸੀਕਰੀ ਜਾਣਾ ਸੀ, ਇਸ ਲਈ ਉਨ੍ਹਾਂ ਨੇ ਕੁੱਤਿਆਂ ਨੂੰ ਛੇ ਹਜ਼ਾਰ ਰੁਪਏ ਵਿੱਚ ਤਿੰਨ ਘੰਟੇ ਦੇਖਭਾਲ ਲਈ ਹੋਟਲ ਪ੍ਰਬੰਧਕਾਂ ਦੇ ਹਵਾਲੇ ਕਰ ਦਿੱਤਾ। ਸਵੇਰ ਦੇ 8:30 ਵਜ਼ੇ ਸੀਕਰੀ ਚਲੇ ਗਏ । ਸਵੇਰੇ 11 ਵਜ਼ੇ ਫੋਨ ਆਇਆ ਕਿ ਮਾਦਾ ਕੁੱਤਾ ਗ੍ਰੇ-ਹਾਊਡ (ਕੁੱਤੇ ਦਾ ਨਾਮ, ਪ੍ਰਜਾਤੀ ਨਹੀਂ) ਹੋਟਲ ਤੋਂ ਗਾਇਬ ਹੋ ਗਿਆ ਹੈ। ਸਾਥੀ ਕੁੱਤਾ ਮੌਜੂਦ ਹੈ।

ਪੁਲਿਸ ਨੇ ਇਕ-ਦੋ-ਦਿਨ ਮਦਦ ਕੀਤੀ ਪਰ ਉਸਦੇ ਬਾਅਦ ਚੁੱਪ ਹੋ ਗਈ। ਹਾਲਾਂਕਿ ਇਕ ਐਨਜੀਓ ਦੇ ਵਾਲੰਟੀਅਰ ਉਹਨਾਂ ਦੀ ਮਦਦ ਕਰ ਰਹੇ ਹਨ।

**ਸੜਕ ਤੋਂ ਚੁੱਕ ਕੇ ਪਾਲਿਆ ਸੀ**

ਗੁਰੂਗ੍ਰਾਮ ਸਾਊਥ ਸਿਟੀ-1 ਨਿਵਾਸੀ ਦੀਪਾਯਨ ਅਤੇ ਕਸਤੂਰੀ ਮੂਲ ਰੂਪ ਤੋਂ ਬੰਗਾਲੀ ਹਨ। 11 ਸਾਲ ਪਹਿਲਾਂ ਵਿਆਹ ਹੋਇਆ ਹੈ। ਦਸ ਸਾਲ ਪਹਿਲਾ ਦਿੱਲੀ ਦੇ ਬਸੰਤ ਕੁੰਜ ਵਿੱਚ ਦੋਨਾਂ ਕੁੱਤੇ ਉਹਨਾਂ ਨੂੰ ਜਖ਼ਮੀ ਹਾਲਾਤ ਵਿੱਚ ਮਿਲੇ ਉਹ ਉਹਨਾਂ ਨੂੰ ਘਰ ਲੈ ਆਏ। ਬੱਚਿਆਂ ਦੀ ਤਰ੍ਹਾਂ ਦੇਖਭਾਲ ਕੀਤੀ । ਦੀਪਾਯਨ ਵਿਸਤਾਰਾ ਏਅਰਲਾਇਨ ਵਿੱਚ ਸਨ, ਤਾਂ 14 ਮਹੀਨੇ ਯੂਰਪ ਵਿੱਚ ਰਹੇ। ਦੋਨਾਂ ਕੁੱਤਿਆਂ ਦੇ ਨਾਲ ਦੋ ਬਿੱਲੀਆਂ ਵੀ ਉਹਨਾਂ ਦੇ ਨਾਲ ਰਹੀਆਂ।

**ਰੋਜ਼ਾਨਾ ਔਸਤਨ 20 ਹਜ਼ਾਰ ਰੁਪਏ ਖ਼ਰਚ ਹੋ ਰਿਹਾ ਹੈ**

ਸੈਰ ਸਪਾਟਾ ਥਾਣੇ ਦੀ ਪੁਲਿਸ ਨੇ ਜੋੜੇ ਦੀ ਸ਼ਿਕਾਇਤ ਦੇ ਆਧਾਰ 'ਤੇ ਕੇਸ ਦਰਜ਼ ਨਹੀਂ ਕੀਤਾ ਹੈ, ਜਿਸ ਕਾਰਨ ਤਾਜ ਵਿਊ ਹੋਟਲ ਪ੍ਰਬੰਧਕ ਸਦਮੇ ਵਿੱਚ ਹਨ , ਹੋਟਲ 'ਤੇ ਹੀ ਪ੍ਰਤੀ ਦਿਨ ਔਸਤਨ 20,000 ਰੁਪਏ ਖਰਚ ਹੋ ਰਿਹਾ ਹੈ। ਹੁਣ ਤੱਕ 14 ਦਿਨ ਹੋ ਗਏ ਹਨ।

Only This Weekend

# BRAMPTON CASH & CARRY

**Importer | Wholesaler | Retailer**

100 KENNEDY RD S
BRAMPTON, ON
L6W 3E7

## GURPURAB SPECIAL

FROM 15TH NOV,2024 TO 17TH NOV,2024

IN STORE ONLY

$9.99


Layalpur Atta Buscuit

3 FOR $1


Goodday Biscuit 50gm

$9.99


Neelam Basmati rice 10lb

$1.99


Best Food Gachak 400gm

$8.99


Can green Compartment plate 40pcs

29.99


Comfy Comforter + Pillow Cover

$5.99


Toilet Roll 12/cs

$1.99


Best Food Rusk 600gm

+905-230-4800

# ਪੰਜਾਬੀ ਸੱਭਿਆਚਾਰ ਮੰਚ ਟੋਰਾਂਟੋ ਵੱਲੋਂ ਮਨਾਇਆ ਗਿਆ
## ਸ. ਕਰਤਾਰ ਸਿੰਘ ਸਰਾਭਾ ਤੇ ਗਦਰੀ ਬਾਬਿਆਂ ਦਾ ਸ਼ਹੀਦੀ ਦਿਹਾੜਾ





**ਸਾਡੇ ਸ਼ਹੀਦਾਂ ਨੇ ਅੱਜ ਵਰਗਾ ਲੁੱਟ-ਖਸੁੱਟ ਅਤੇ ਨਾ-ਬਰਾਬਰੀ ਵਾਲੇ ਆਰਥਿਕ-ਸਮਾਜਿਕ ਰਾਜ ਪ੍ਰਬੰਧ ਲਿਆਉਣ ਲਈ ਫਾਂਸੀਆਂ ਦੇ ਫੰਦੇ ਗਲੇ ਨਹੀਂ ਪਵਾਏ ਸਨ**






ਬਰੈਂਪਟਨ 17 ਨਵੰਬਰ (ਵਿਸ਼ਵ ਪੰਜਾਬੀ ਸਾਂਝ, ਕੈਨੇਡਾ)-ਪੰਜਾਬੀ ਸੱਭਿਆਚਾਰ ਮੰਚ ਟੋਰਾਂਟੋ ਵੱਲੋਂ ਵਿਸ਼ਵ ਪੰਜਾਬੀ ਭਵਨ ਵਿਖੇ ਸ. ਕਰਤਾਰ ਸਿੰਘ ਸਰਾਭਾ ਅਤੇ ਗਦਰੀ ਬਾਬਿਆਂ ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ। ਮੰਚ ਦੇ ਪ੍ਰਧਾਨ ਬਲਦੇਵ ਸਿੰਘ ਸਹਿਦੇਵ ਦੀ ਪ੍ਰਧਾਨਗੀ ਹੇਠ ਹੋਏ ਇਸ ਸਮਾਗਮ ਦੌਰਾਨ ਵੱਖ ਵੱਖ ਬੁਲਾਰਿਆਂ ਨੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ।

ਇਸ ਸਮਾਗਮ ਵਿੱਚ ਮੁੱਖ ਬੁਲਾਰੇ ਵਜੋਂ ਪ੍ਰਧਾਨ ਬਲਦੇਵ ਸਿੰਘ ਸਹਿਦੇਵ, ਪ੍ਰੋ:ਨਿਰਮਲ ਸਿੰਘ ਧਾਰਨੀ, ਜਗਜੀਤ ਸਿੰਘ ਜੋਗਾ, ਲੈਕਚਰਾਰ ਬਲਕਾਰ ਸਿੰਘ ਵਲਟੋਹਾ ਵੱਲੋਂ ਆਪਣੇ ਆਪਣੇ ਵਿਚਾਰ ਪੇਸ਼ ਕਰਦੇਂ ਹੋਏ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ। ਬੁਲਾਰਿਆਂ ਨੇ ਵਿਸਥਾਰ ਨਾਲ ਗ਼ਦਰ ਪਾਰਟੀ ਦੇ ਇਤਿਹਾਸ, ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਨਾਲ ਸ਼ਹੀਦ ਹੋਏ ਛੇ ਹੋਰ ਸਾਥੀਆਂ ਵੱਲੋਂ ਦੇਸ ਦੀ ਅਜ਼ਾਦੀ ਲਈ ਦਿਤੇ ਬਲੀਦਾਨ ਦਾ ਜ਼ਿਕਰ ਕੀਤਾ ਅਤੇ ਉਹਨਾਂ ਦੇ ਨਿਰਸਵਾਰਥ ਕੁਰਬਾਨੀਆਂ ਭਰੇ ਕਾਰਨਾਮਿਆਂ ਦਾ ਵੀ ਜ਼ਿਕਰ ਕੀਤਾ। ਬੁਲਾਰਿਆਂ ਨੇ ਕਿਹਾ ਕਿ ਦੱਸਿਆ ਕਿ ਸਾਡੇ ਸ਼ਹੀਦਾਂ ਨੇ ਅੱਜ ਵਰਗਾ ਲੁੱਟ-ਖਸੁੱਟ ਅਤੇ ਨਾ-ਬਰਾਬਰੀ ਵਾਲੇ ਆਰਥਿਕ-ਸਮਾਜਿਕ ਰਾਜ ਪ੍ਰਬੰਧ ਲਿਆਉਣ ਲਈ ਫਾਂਸੀਆਂ ਦੇ ਫੰਦੇ ਗਲੇ ਨਹੀਂ ਪਵਾਏ ਸਨ ਕਿ ਗਿਣਤੀ ਦੇ ਲੋਟੂ ਕਾਰਪੋਰੇਟ ਦੇਸ਼ ਦਾ ਸਾਰਾ ਸ਼ਰਮਾਇਆ ਹੜੱਪ ਲੈਣ। ਪਰ ਇਹ ਵਰਤਾਰਾ ਅੱਜ ਵਾਪਰ ਗਿਆ ਹੈ ਅਤੇ ਹੁਕਮਰਾਨ ਉਹਨਾਂ ਦੇ ਲਏ ਫ਼ੈਸਲੇ ਲੋਕਾਂ ਤੇ ਮੜ੍ਹ ਰਹੇ ਹਨ। ਬੁਲਾਰਿਆਂ ਨੇ ਲੋਕਾਂ ਨੂੰ ਸੱਦਾ ਦਿਤਾ ਕਿ ਅਜਿਹੇ ਪੂੰਜੀਵਾਦੀ ਪ੍ਰਬੰਧ ਤੋਂ ਛੁੱਟਕਾਰਾ ਪਾਉਣ ਲਈ ਕਿਰਤੀ ਕਿਸਾਨਾਂ ਨੂੰ ਇਕਮੁੱਠ ਸੰਘਰਸ਼ ਕਰਨ ਦੀ ਲੋੜ ਹੈ। ਸਮਾਗਮ ਦੌਰਾਨ ਮੰਚ ਸੰਚਾਲਨ ਦੀ ਭੂਮਿਕਾ ਅਦਾ ਕਰਦਿਆਂ ਹਰਚੰਦ ਸਿੰਘ ਬਾਸੀ ਵੱਲੋਂ ਆਪਣੀ ਸੁਰੀਲੀ ਆਵਾਜ਼ ਵਿੱਚ "ਮਘਦਾ ਰਹੀਂ ਵੇ ਸੂਰਜਾ" ਉਦਾਸੀ ਦਾ ਗੀਤ ਪੇਸ਼ ਕੀਤਾ। ਵਿਦਿਆਰਥੀ ਆਗੂ ਬਿਕਰਮਜੀਤ ਨੇ ਕੈਨੇਡਾ ਦੇ ਵਿਦਿਆਰਥੀਆਂ ਦੀਆਂ ਸਮੱਸਿਆਵਾਂ ਬਾਰੇ ਵਿਚਾਰ ਰੱਖੇ। ਅੰਤ ਵਿੱਚ ਗੁਰਦਾਸ ਸਿੰਘ ਅਤੇ ਜਨਰਲ ਸਕੱਤਰ ਸੁਖਦੇਵ ਸਿੰਘ ਵੱਲੋਂ ਸਾਰਿਆਂ ਦਾ ਧੰਨਵਾਦ ਕੀਤਾ ਗਿਆ।




Only This Weekend
BRAMPTON
CASH & CARRY
Importer | Wholesaler | Retailer
100 KENNEDY RD S
BRAMPTON, ON
L6W 3E7
GURPURAB SPECIAL
FROM 15TH NOV,2024 TO 17TH NOV,2024
IN STORE ONLY
6.99
Table's Best
360 Combo Pack
Plastic Cutlery Set
Table's Best Cutlery Kit 360pcs
3 FOR $1
Maggi Noodles 70gm
$7.99
TATA TEA
PREMIUM
ORANGE PEKOE
Tata Tea Premium 220 Bags
$5.99
IRISH SPRING
irish Spring 6 pcs
$49.99
Chick Peas 9mm 50lb
$9.99
White Coffee Mug 12/pcs
$1.29
Haldiram Sancks 200gm
$5.99
Vine Glass 6 Pcs
+905-230-4800

# ਪ੍ਰੋਫੈਸਰ ਅਰਵਿੰਦ ਨਰਾਇਣਨ ਬੋਲੇ, ਜੋਖ਼ਮ ਨਾਲ ਨਿਪਟਣ ਲਈ ਨਿਯਮਾਂ ਦੀ ਜ਼ਰੂਰਤ

ਨਵੀਂ ਦਿੱਲੀ,17 ਨਵੰਬਰ, (ਜਸਵਿੰਦਰ ਸਿੰਘ ਬਿੱਟਾ)- ਪ੍ਰਿੰਸਟਨ ਯੂਨੀਵਰਸਿਟੀ ਵਿੱਚ ਕੰਪਿਊਟਰ ਸਾਇੰਸ ਦੇ ਪ੍ਰੋਫੈਸਰ ਅਰਵਿੰਦ ਨਰਾਇਣਨ ਨੇ ਕਿਹਾ ਕਿ ਏ.ਆਈ ਦੇ ਬਹੁਤ ਸਾਰੇ ਫਾਇਦੇ ਹਨ, ਪਰ ਇਹ ਜੋਖ਼ਮ ਵੀ ਲਿਆਉਂਦਾ ਹੈ। ਹਰ ਕਿਸੇ ਨੂੰ ਏ.ਆਈ ਦੀ ਵਰਤੋਂ ਜ਼ਿੰਮੇਵਾਰੀ ਨਾਲ ਕਰਨੀ ਚਾਹੀਦੀ ਹੈ। ਇਸ ਦੇ ਨਾਲ ਸਾਨੂੰ ਇਨ੍ਹਾਂ ਨਾਲ ਨਜਿੱਠਣ ਲਈ 19 ਦੇ ਪ੍ਰਭਾਵਸ਼ਾਲੀ ਨਿਯਮ ਨੂੰ ਯਕੀਨੀ ਬਣਾਉਣਾ ਹੋਵੇਗਾ।



### ਲਾਭ ਅਤੇ ਹਾਨੀ ਦੋਨੋਂ ਸਾਹਮਣੇ ਆ ਰਹੇ

ਨਰਾਇਣਨ ਨੇ ਕਿਹਾ ਕਿ ਜਿਵੇਂ-ਜਿਵੇਂ ਆਰਟੀਫੀਸ਼ੀਅਲ ਇੰਟੈਲੀਜੈਂਸ ਤੇਜ਼ੀ ਨਾਲ ਅੱਗੇ ਵੱਧ ਰਹੀ ਹੈ, ਉਸੇ ਤਰ੍ਹਾਂ ਇਸ ਦੇ ਫਾਇਦੇ ਅਤੇ ਜੋਖ਼ਮ ਵੀ ਸਾਹਮਣੇ ਆ ਰਹੇ ਹਨ। ਉਦਾਹਰਣ ਵਜੋਂ, ਜੇ ਕੋਈ ਵਿਦਿਆਰਥੀ ਪ੍ਰੀਖਿਆ ਵਿੱਚ ਧੋਖਾਧੜੀ ਕਰਨ ਲਈ ਏ.ਆਈ ਦੀ ਵਰਤੋਂ ਕਰਦਾ ਹੈ, ਤਾਂ ਇਸਦਾ ਕੋਈ ਫਾਇਦਾ ਨਹੀਂ ਹੈ। ਇਸੇ ਤਰ੍ਹਾਂ ਡੀਪ ਫੇਕ ਦੇ ਰਾਹੀਂ ਨਕਲੀ ਚਿੱਤਰਾਂ ਦਾ ਨਿਰਮਾਣ ਵੀ 19 ਦੇ ਦੁਰਵਰਤੋਂ ਦਾ ਇੱਕ ਮੁੱਖ ਉਦਾਹਰਣ ਹੈ। ਅਮਰੀਕਾ ਵਿੱਚ ਵਕੀਲ ਏ.ਆਈ ਤੋਂ ਜਾਣਕਾਰੀ ਇਕੱਠੀ ਕਰਕੇ ਅਦਾਲਤ ਵਿੱਚ ਬਹਿਸ ਕਰ ਰਹੇ ਸਨ ਪਰ ਉਨ੍ਹਾਂ ਦੇ ਤੱਥ ਸਹੀ ਨਹੀਂ ਪਾਏ ਗਏ, ਜਿਸ ਕਾਰਨ ਜੱਜ ਵੀ ਉਲਝਣ ਵਿੱਚ ਨਜ਼ਰ ਆਏ। ਪ੍ਰੋਫੈਸਰ ਨਾਰਾਇਣਨ ਨੇ ਏ.ਆਈ ਦੀ ਪਰਿਵਰਤਨਸ਼ੀਲ ਸਮਰੱਥਾ ਅਤੇ ਇਸਦੀ ਵਧਦੀ ਪਹੁੰਚ ਨੂੰ ਸਵੀਕਾਰ ਕੀਤਾ, ਪਰ ਕਿਹਾ ਕਿ ਲਾਭ ਦੇ ਨਾਲ-ਨਾਲ ਇਸ ਵਿੱਚ ਜੋਖ਼ਮ ਵੀ ਹੈ। ਖਪਤਕਾਰਾਂ ਦੇ ਲਈ 19 ਵਿਆਪਕ ਤੌਰ 'ਤੇ ਉਪਲੱਬਧ ਹੋਣਾ ਕੋਈ ਬੁਰੀ ਗੱਲ ਨਹੀਂ ਹੈ। ਹਾਲ ਹੀ ਦੇ ਸਾਲਾਂ ਵਿੱਚ ਤਰੱਕੀ ਦੇ ਬਾਅਦ ਕੋਈ ਵੀ ਹੁਣ ਸ਼ਕਤੀਸ਼ਾਲੀ 19 ਸਿਸਟਮਾਂ ਤੱਕ ਪਹੁੰਚ ਕਰ ਸਕਦਾ ਹੈ।

### ਛੋਟੇ ਉੱਦਮੀਆਂ ਲਈ ਬੇਮਿਸਾਲ ਮੌਕੇ

ਪ੍ਰੋਫੈਸਰ ਅਰਵਿੰਦ ਨੇ ਕਿਹਾ, ਏ.ਆਈ ਦੇ ਲੋਕਤੰਤਰੀਕਰਨ ਆਮ ਲੋਕਾਂ ਅਤੇ ਛੋਟੇ ਉੱਦਮੀਆਂ ਲਈ ਬੇਮਿਸਾਲ ਮੌਕੇ ਪੈਦਾ ਕਰਦਾ ਹੈ, ਪਰ ਇਸਦੀ ਵਿਆਪਕ ਉਪਲਬੱਧਤਾ ਦੋਧਾਰੀ ਤਲਵਾਰ ਵਾਂਗ ਹੈ ਕਿਉਂਕਿ ਇਸਦੀ ਦੁਰਵਰਤੋਂ ਹੋ ਸਕਦੀ ਹੈ। ਉਸੇ ਸਮੇਂ, ਬਹੁਤ ਸਾਰੀਆਂ ਨੈਤਿਕ ਚਿੰਤਾਵਾਂ ਪੈਦਾ ਹੋ ਸਕਦੀਆਂ ਹਨ ਜੋ ਨਵੀਆਂ ਚੁਣੌਤੀਆਂ ਪੈਦਾ ਕਰ ਸਕਦੀਆਂ ਹਨ। ਇਕ ਸਵਾਲ ਦੇ ਜਵਾਬ 'ਚ ਉਨ੍ਹਾਂ ਕਿਹਾ ਕਿ ਮਾੜੇ ਕਾਰਕ ਹਮੇਸ਼ਾ ਹੋਣਗੇ, ਸਾਨੂੰ ਉਨ੍ਹਾਂ ਨਾਲ ਨਜਿੱਠਣ ਲਈ ਨਿਯਮਾਂ ਦੀ ਲੋੜ ਹੈ। ਹਾਲਾਂਕਿ, ਉਹਨਾਂ ਮੰਨਿਆ, ਏ.ਆਈ ਦਾ ਨਿਯਮ ਵੀ ਇੰਨਾ ਸਰਲ ਨਹੀਂ ਹੈ ਕਿਉਂਕਿ ਇਹ ਕਈ ਤਰੀਕਿਆਂ ਨਾਲ ਆਉਂਦਾ ਹੈ । ਕਿਉਂਕਿ 19 ਸੂਚਨਾਵਾਂ ਪੈਦਾ ਕਰਦਾ ਹੈ। ਇਹ ਸ਼ੋਸ਼ਲ ਮੀਡੀਆਂ ਨਾਲ ਵੀ ਜਾਣਕਾਰੀ ਇਕੱਠੀ ਕਰ ਲੈਂਦਾ ਹੈ। ਇਸ ਲਈ ਇਸਦੇ ਨਿਯਮ ਵਿੱਚ ਵੀ ਚੁਣੌਤਿਆਂ ਹਨ। ਪਰ ਇਹ ਅਸੰਭਵ ਵੀ ਨਹੀਂ ਹੈ।

### ਕਈ ਚੁਣੌਤੀਆਂ ਮੌਜੂਦ

ਪ੍ਰੋਫੈਸਰ ਨਾਰਾਇਣਨ ਨੇ ਕਿਹਾ, ਏ.ਆਈ ਦੇ ਜਨਰੇਟਿਵ ਮਾਡਲ ਨੇ ਇੱਥੇ ਕਾਫੀ ਤਰੱਕੀ ਕੀਤੀ ਹੈ, ਪਰ ਇਸ ਵਿੱਚ ਅਜੇ ਵੀ ਬਹੁਤ ਸਾਰੀਆਂ ਚੁਣੌਤੀਆਂ ਹਨ। ਜਿਵੇਂ ਕਿ ਪੱਖਪਾਤ ਦੇ ਮੁੱਦੇ ਹਨ, ਭਰਮ ਜੋ ਗ਼ਲਤ ਅਤੇ ਮਨਘੜ੍ਹਤ ਜਾਣਕਾਰੀ ਵੱਲ ਲੈ ਜਾਂਦਾ ਹੈ। ਇਹ ਇਸ ਲਈ ਹੈ ਕਿਉਂਕਿ ਇਹ ਪੱਛਮੀ ਜਾਣਕਾਰੀ ਅਤੇ ਚਿੱਤਰਾਂ 'ਤੇ ਨਿਰਭਰ ਹੈ। ਭਾਰਤ ਦੇ ਸੰਦਰਭ ਇਸ ਵਿੱਚ ਕਈ ਸਮੱਸਿਆਵਾਂ ਪੈਦਾ ਹੋ ਗਈਆਂ ਹਨ। ਇਹ ਭਾਰਤੀ ਸੰਸਕ੍ਰਿਤੀ ਦਾ ਸਹੀ ਪ੍ਰਤੀਨਿਧਤਾ ਨਹੀਂ ਕਰ ਸਕਦਾ। ਇਸ ਲਈ ਵਾਧੂ ਉਪਾਵਾਂ ਦੀ ਲੋੜ ਪਵੇਗੀ। ਡੇਟਾ ਟਰੈਕਿੰਗ ਦੇ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਜਦੋਂ ਅਸੀਂ ਆਪਣੇ ਫੋਨ 'ਤੇ ਕਿਸੇ ਐਪ ਦੀ ਵਰਤੋਂ ਕਰਦੇ ਹਾਂ ਜਾਂ ਆਪਣੇ ਕੰਪਿਊਟਰ 'ਤੇ ਕਿਸੇ ਵੈੱਬਸਾਈਟ 'ਤੇ ਜਾਂਦੇ ਹਾਂ ਤਾਂ ਅਸੀਂ ਕਿਸੇ ਖਾਸ ਐਪ ਜਾਂ ਵੈੱਬਸਾਈਟ ਨਾਲ ਗੱਲਬਾਤ ਕਰ ਰਹੇ ਹਾਂ। ਅਸੀਂ ਆਨਲਾਈਨ ਜੋ ਵੀ ਕਰਦੇ ਹਾਂ, ਉਹ ਉਸਦਾ ਨੋਟ ਬਣਾ ਰਹੀ ਹੁੰਦੀ ਹੈ।

# ਇਸ ਤਰ੍ਹਾਂ ਹਟਣਗੇ ਤੁਹਾਡੀ ਜਾਸੂਸੀ ਕਰਨ ਵਾਲੇ



ਨਵੀਂ ਦਿੱਲੀ, 17 ਨਵੰਬਰ, (ਜਸਵਿੰਦਰ ਸਿੰਘ ਬਿੱਟਾ) -ਭਾਰਤੀ ਕਾਨੂੰਨ ਵਿੱਚ ਪਿੱਛਾ ਕਰਨਾ ਅਪਰਾਧ ਹੈ। ਜੇਕਰ ਕੋਈ ਔਰਤ ਇਸ ਅਪਰਾਧ ਦਾ ਸ਼ਿਕਾਰ ਹੁੰਦੀ ਹੈ ਤਾਂ ਉਹ ਐਫਆਈਆਰ ਦਰਜ਼ ਕਰਵਾ ਸਕਦੀ ਹੈ। ਇਸਦੇ ਲਈ ਦੋ ਐਕਟ ਲੱਗਦੇ ਹਨ । ਪਹਿਲਾ ਸੂਚਨਾ ਅਤੇ ਤਕਨਾਲੋਜੀ ਐਕਟ ਹੈ, ਜੋ ਆਨਲਾਈਨ ਸਟਾੱਕਿੰਗ ਬਾਰੇ ਹੈ। ਜਦਕਿ ਦੂਜਾ ਹੈ 2013 ਦਾ ਕ੍ਰਿਮੀਨਲ ਐਕਟ। ਦੋਵਾਂ ਵਿੱਚ ਜੇਕਰ ਕੋਈ ਵਿਅਕਤੀ ਤੁਹਾਨੂੰ ਲਗਾਤਾਰ ਪ੍ਰੇਸ਼ਾਨ ਕਰ ਰਿਹਾ ਹੈ ਜਾਂ ਉਸ ਤਰੀਕੇ ਨਾਲ ਤੁਹਾਡਾ ਪਿੱਛਾ ਕਰ ਰਿਹਾ ਹੈ ਜਿਸ ਤਰ੍ਹਾਂ ਤੁਸੀਂ ਨਹੀਂ ਚਾਹੁੰਦੇ, ਤਾਂ ਉਹ ਤੁਹਾਡਾ ਅਪਰਾਧੀ ਹੈ। ਤੁਸੀਂ ਉਸਦੇ ਖਿਲਾਫ਼ ਸ਼ਿਕਾਇਤ ਦਰਜ਼ ਕਰਵਾ ਸਕਦੇ ਹੋ। ਇਸ ਮਾਮਲੇ 'ਚ ਦੋਸ਼ੀ ਸਾਬਤ ਹੋਣ 'ਤੇ ਤਿੰਨ ਤੋਂ ਪੰਜ ਸਾਲ ਦੀ ਸਜ਼ਾ ਹੋ ਸਕਦੀ ਹੈ ਅਤੇ ਜ਼ੁਰਮਾਨਾ ਵੀ ਹੋ ਸਕਦਾ ਹੈ।

### ਕਿਵੇਂ ਕਰੀਏ ਪ੍ਰਯੋਗ

ਤੁਸੀਂ ਆਪਣੇ ਨੇੜੇ ਦੇ ਕਿਸੇ ਥਾਨੇ ਵਿੱਚ ਜਾਂ ਸਕਦੇ ਹੋ ਜਾਂ ਆਨਲਾਈਨ ਸ਼ਿਕਾਇਤ ਦਰਜ ਕਰਵਾ ਸਕਦੇ ਹੋ। ਜਿਸਦੇ ਲਈ ਤੁਸੀਂ ਰਾਸ਼ਟਰੀ ਮਹਿਲਾ ਕਮਿਸ਼ਨ ਕੋਲ ਅਪੀਲ ਕਰ ਸਕਦੇ ਹੋ। ਕਮਿਸ਼ਨ ਤੁਹਾਡੀ ਆਵਾਜ਼ ਬਣੇਗਾ ਅਤੇ ਪੁਲਿਸ ਕੋਲ ਤੁਹਾਡੀ ਸਮੱਸਿਆ ਉਠਾਏਗਾ। ਉਹ ਕੇਸ ਨੂੰ ਤੇਜ਼ ਕਰਨ ਲਈ ਪੁਲਿਸ 'ਤੇ ਦਬਾਅ ਬਣਾਉਣ ਵਿਚ ਵੀ ਤੁਹਾਡੀ ਮਦਦ ਕਰੇਗਾ। ਤੁਸੀਂ ਦੇਸ਼ ਦੇ ਕਿਸੇ ਵੀ ਹਿੱਸੇ ਵਿੱਚ ਆਪਣੀ ਸ਼ਿਕਾਇਤ ਦਰਜ਼ ਕਰਵਾ ਸਕਦੇ ਹੋ। ਜੇਕਰ ਤੁਸੀਂ ਦਿੱਲੀ ਵਿੱਚ ਹੋ ਤਾਂ ਤੁਸੀਂ 1096 'ਤੇ ਕਾਲ ਕਰਕੇ ਵੀ ਆਪਣੀ ਸ਼ਿਕਾਇਤ ਦਰਜ਼ ਕਰਵਾ ਸਕਦੇ ਹੋ। ਤੁਸੀਂ ਔਰਤਾਂ ਵਿਰੁੱਧ ਅਪਰਾਧਾਂ ਨੂੰ ਰੋਕਣ ਲਈ ਦੇਸ਼ ਭਰ ਵਿੱਚ 1091 ਹੈਲਪਲਾਈਨ 'ਤੇ ਵੀ ਕਾਲ ਕਰ ਸਕਦੇ ਹੋ।

### ਇਨ੍ਹਾਂ ਗੱਲਾਂ ਦਾ ਰੱਖੋਂ ਧਿਆਨ

* ਸਟਾੱਕਰ ਤੇ ਇਲਜ਼ਾਮ ਲਗਾਉਣ ਅਤੇ ਸ਼ਿਕਾਇਤ ਕਰਨ ਤੋਂ ਪਹਿਲਾਂ ਸਮੱਸਿਆ ਦਾ ਅੰਦਾਜ਼ਾ ਹੁੰਦੇ ਹੀ ਸਟਾੱਕਿੰਗ ਦਾ ਸਬੂਤ ਇਕੱਠਾ ਕਰਨ ਦੀ ਕੋਸ਼ਿਸ਼ ਕਰੋਂ। ਸਮੱਸਿਆ ਦਾ ਅੰਦਾਜ਼ਾ ਲੱਗਦੇ ਹੀ ਪਰਿਵਾਰ, ਮਿੱਤਰਾ ਆਦਿ ਨੂੰ ਸੂਚਨਾ ਦਿਓ। ਖ਼ੁਦ ਦੀ ਸੁਰੱਖਿਆ ਦੇ ਵੱਲ ਧਿਆਨ ਦਿਓ। ਆਪਣਾ ਰੋਜ਼ਾਨਾ ਰੁਟੀਨ ਅਤੇ ਰਸਤਿਆਂ ਨੂੰ ਸਮੇਂ-ਸਮੇਂ ਤੇ ਬਦਲਦੇ ਰਹੋ।
* ਤੁਹਾਡੇ ਕੋਲ ਬਹੁਤ ਸਾਰੀਆਂ ਐਪ ਹਨ ਜਿਹਨਾਂ ਦੀ ਮਦਦ ਲੈ ਸਕਦੇ ਹੋ । ਜਿਵੇਂ ਕਿ ਨਿਰਭਯਾ ਐਪ। ਇਸ ਵਿੱਚ GPS ਸਿਸਟਮ ਹੈ, ਜਿਸ ਦੀ ਮਦਦ ਨਾਲ ਤੁਸੀਂ ਆਪਣਿਆਂ ਨੂੰ ਆਪਣੀ ਲੋਕੇਸ਼ਨ ਬਾਰੇ ਸੂਚਿਤ ਕਰ ਸਕਦੇ ਹੋ। ਵੂਮੈਨ ਸਕਿਓਰਿਟੀ ਐਪ 'ਤੇ ਇੰਟਰਨੈੱਟ ਤੋਂ ਬਿਨਾਂ 45 ਸੈਕਿੰਡ ਦਾ ਵਾਇਸ ਸੰਦੇਸ਼ ਭੇਜਿਆ ਜਾ ਸਕਦਾ ਹੈ।

### ਸਾਈਬਰ ਸਟਾੱਕਿੰਗ ਹੈ ਆਮ

ਅੱਜ-ਕੱਲ੍ਹ, ਸਾਡੀ ਜਿੰਦਗੀ ਵਿਚ ਵਰਚੁਅਲ ਦੁਨੀਆ ਦਾ ਦਖ਼ਲ ਜ਼ਿਆਦਾ ਹੋ ਗਿਆ ਹੈ। ਆਨਲਾਇਨ ਸਾਡੀਆਂ ਜ਼ਰੂਰਤਾਂ, ਮੰਨੋਰੰਜਨ ਕੰਮ ਸਾਰਾ ਕੁੱਝ ਹੋ ਰਿਹਾ ਹੈ। ਅਜਿਹੇ ਵਿੱਚ ਸਟਾੱਕਰਾਂ ਨੇ ਉੱਥੇ ਵੀ ਦਸਤਕ ਦੇ ਦਿੱਤੀ ਹੈ। ਹੁਣ ਸਵਾਲ ਇਹ ਉੱਠਦਾ ਹੈ ਕਿ ਸਾਈਬਰ ਸਟਾੱਕਰ ਦੀ ਪਛਾਣ ਕਿਵੇਂ ਕੀਤੀ ਜਾਵੇ? ਸਾਈਬਰ ਸਟਾੱਕਰ ਉਹ ਵਿਅਕਤੀ ਹੋਵੇਗਾ ਜੋ ਆਮ ਤੌਰ 'ਤੇ ਤੁਹਾਡੀ ਜਾਣਕਾਰੀ ਇਕੱਠੀ ਕਰ ਰਿਹਾ ਹੈ। ਅਜਿਹੇ ਸਟਾੱਕਰ ਆਮ ਤੌਰ 'ਤੇ ਅਣਚਾਹੇ ਸੁਨੇਹੇ ਭੇਜਦੇ ਹਨ, ਤੁਹਾਡੀ ਪਰਸਨਲ ਸਪੇਸ ਵਿੱਚ ਦਖ਼ਲ ਦੀ ਕੋਸ਼ਿਸ਼ ਕਰਦੇ ਹਨ ਅਤੇ ਤੁਹਾਡੇ ਅਕਾਊਂਟ ਨਾਲ ਜੁੜਕੇ ਤੁਹਾਨੂੰ ਅਜਿਹੇ ਮੈਸਿਜ ਅਤੇ ਵੀਡੀਓ ਆਦਿ ਭੇਜਦੇ ਹਨ, ਜਿਸ ਨਾਲ ਤੁਸੀ ਬੇਚੈਨ ਹੋ ਜਾਂਦੇ ਹੋ।

# ਵਿਦੇਸ਼ੀ ਜਾਇਦਾਦ, ਆਮਦਨ ਦਾ ਖੁਲਾਸਾ ਨਾ ਕਰਨ 'ਤੇ ਲੱਗੇਗਾ 10 ਲੱਖ ਰੁਪਏ ਜੁਰਮਾਨਾ




ਨਵੀਂ ਦਿੱਲੀ, 17 ਨਵੰਬਰ, (ਜਸਵਿੰਦਰ ਸਿੰਘ ਬਿੱਟਾ)-ਆਮਦਨਕਰ ਵਿਭਾਗ ਨੇ ਅੱਜ ਕਰਦਾਤਾਵਾਂ ਨੂੰ ਅਪੀਲ ਕੀਤੀ ਹੈ ਕਿ ਆਈ.ਟੀ.ਆਰ ਵਿੱਚ ਵਿਦੇਸ਼ 'ਚ ਸਥਿਤ ਜਾਇਦਾਦ ਜਾਂ ਵਿਦੇਸ਼ਾਂ ਵਿੱਚੋਂ ਹੁੰਦੀ ਆਮਦਨ ਦਾ ਖੁਲਾਸਾ ਨਾਂ ਕਰਨ 'ਤੇ ਕਾਲਾ ਧਨ ਵਿਰੋਧੀ ਕਾਨੂੰਨ ਤਹਿਤ 10 ਲੱਖ ਰੁਪਏ ਦਾ ਜੁਰਮਾਨਾ ਲੱਗ ਸਕਦਾ ਹੈ। ਵਿਭਾਗ ਨੇ ਪਿਛਲੇਂ ਦਿਨੀਂ ਸ਼ੁਰੂ ਕੀਤੀ ਜਾਗਰੂਕਤਾ ਮੁਹਿੰਮ ਤਹਿਤ ਸ਼ਨਿਚਰਵਾਰ ਨੂੰ ਇਕ ਜਨਤਕ ਐਡਵਾਈਜ਼ਰੀ ਜਾਰੀ ਕੀਤੀ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਕਰਦਾਤਾ ਮੁਲਾਂਕਣ ਸਾਲ 2024-25 ਲਈ ਆਪਣੀ ਆਮਦਨ ਰਿਟਰਨ (ਆਈਟੀਆਰ) ਵਿੱਚ ਅਜਿਹੀ ਜਾਣਕਾਰੀ ਦਰਜ ਕਰਨ।

ਐਡਵਾਈਜ਼ਰੀ ਵਿੱਚ ਸਪੱਸ਼ਟ ਕੀਤਾ ਗਿਆ ਹੈ ਕਿ ਪਿਛਲੇ ਸਾਲ ਵਿੱਚ ਭਾਰਤ ਦੇ ਕਰਦਾਤਾ ਲਈ ਵਿਦੇਸ਼ੀ ਸੰਪਤੀ ਵਿੱਚ ਬੈਂਕ ਖਾਤੇ, ਨਕਦ ਰਾਸ਼ੀ ਬੀਮਾ ਆਦਿ ਤੋਂ ਇਲਾਵਾ ਵਿਦੇਸ਼ ਵਿੱਚ ਰੱਖੀ ਗਈ ਕੋਈ ਪੂੰਜੀਗਤ ਸੰਪਤੀ ਸ਼ਾਮਲ ਹਨ।

ਵਿਭਾਗ ਨੇ ਕਿਹਾ ਕਿ ਇਸ ਮਾਪਦੰਡ ਅਧੀਨ ਆਉਣ ਵਾਲੇ ਕਰਦਾਤਾਵਾਂ ਨੂੰ ਆਪਣੀ ਆਈਟੀਆਰ ਵਿੱਚ ਵਿਦੇਸ਼ੀ ਸੰਪਤੀ ਜਾਂ ਵਿਦੇਸ਼ੀ ਸਰੋਤ ਤੋਂ ਆਮਦਨ ਅਨੁਸੂਚੀ ਨੂੰ ਜ਼ਰੂਰੀ ਤੌਰ 'ਤੇ ਭਰਨਾ ਹੋਵੇਗਾ, ਭਾਵੇਂ ਉਸ ਦੀ ਆਮਦਨ 'ਟੈਕਸ ਯੋਗ ਸੀਮਾ ਤੋਂ ਘੱਟ' ਹੋਵੇ ਜਾਂ ਵਿਦੇਸ਼ ਵਿੱਚ ਸੰਪਤੀ 'ਪ੍ਰਗਟ ਸਰੋਤਾਂ ਨਾਲੋਂ ਬਣਾਈ ਗਈ ਹੋਵੇ।

# ਭਾਰਤ ਦੇ ਪ੍ਰਧਾਨ ਮੰਤਰੀ ਨੂੰ ਸਰਵਉੱਚ ਕੌਮੀ ਸਨਮਾਨ

ਨਾਈਜੀਰੀਆ, 17 ਨਵੰਬਰ (ਵਿਸ਼ਵ ਪੰਜਾਬੀ ਸਾਂਝ, ਕੈਨੇਡਾ)-ਪ੍ਰਧਾਨਮੰਤਰੀ ਨਰਿੰਦਰ ਮੋਦੀ ਵੱਲੋਂ ਅੱਜ ਨਾਈਜੀਰੀਆ ਦੇ ਰਾਸ਼ਟਰਪਤੀ ਬੋਲਾ ਅਹਿਮਦ ਤਿਨੂਬੂ ਨਾਲ ਅਬੂਜਾ 'ਚ ਰਾਸ਼ਟਰਪਤੀ ਮਹਿਲ ਵਿਚ ਮੀਟਿੰਗ ਕੀਤੀ ਗਈ। ਉਨ੍ਹਾਂ ਦੁਵੱਲੇ ਮੁੱਦਿਆਂ 'ਤੇ ਚਰਚਾ ਕੀਤੀ। ਇਸ ਤੋਂ ਪਹਿਲਾਂ ਨਾਈਜੀਰੀਆ ਦੇ ਰਾਸ਼ਟਰਪਤੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਸਵਾਗਤ ਕੀਤਾ। ਦੱਸਣਾ ਬਣਦਾ ਹੈ ਕਿ ਇਹ ਸ੍ਰੀ ਮੋਦੀ ਦੀ ਇਤਿਹਾਸਕ ਪਹਿਲੀ ਯਾਤਰਾ ਹੈ। ਨਾਈਜੀਰੀਆ ਦੇ ਰਾਸ਼ਟਰਪਤੀ ਸੋਸ਼ਲ ਮੀਡੀਆ 'ਤੇ ਲਿਖਿਆ, 'ਮੈਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਨਾਈਜੀਰੀਆ ਦੀ ਪਹਿਲੀ ਫੇਰੀ 'ਤੇ ਸਵਾਗਤ ਕਰਦਾ ਹਾਂ ਜੋ 2007 ਤੋਂ ਬਾਅਦ ਕਿਸੇ ਭਾਰਤੀ ਪ੍ਰਧਾਨ ਮੰਤਰੀ ਦੀ ਸਾਡੇ ਦੇਸ਼ ਦੀ ਪਹਿਲੀ ਫੇਰੀ ਵੀ ਹੈ।



ਉਨ੍ਹਾਂ ਵਲੋਂ ਭਾਰਤ ਨਾਲ ਕਈ ਮੁੱਦੇ ਵਿਚਾਰੇ ਜਾਣਗੇ। ਇਸ ਤੋਂ ਬਾਅਦ ਨਾਈਜੀਰੀਆ ਦੇ ਰਾਸ਼ਟਰਪਤੀ ਨੇ ਭਾਰਤੀ ਪ੍ਰਧਾਨ ਮੰਤਰੀ ਨੂੰ ਦੇਸ਼ ਦਾ ਸਰਵਉੱਚ ਕੌਮੀ ਸਨਮਾਨ ' ਦਿ ਗਰੈਂਡ ਕਮਾਂਡਰ ਆਫ ਦਿ ਆਰਡਰ ਆਫ ਦਿ ਨਾਈਜਰ' ਦਿੱਤਾ। ਭਾਰਤੀ ਪ੍ਰਧਾਨ ਮੰਤਰੀ ਨੇ ਇਸ ਸਨਮਾਨ 'ਤੇ ਧੰਨਵਾਦ ਕਰਦਿਆਂ ਕਿਹਾ ਕਿ ਇੱਥੇ 60 ਹਜ਼ਾਰ ਭਾਰਤੀ ਰਹਿ ਰਹੇ ਹਨ ਤੇ ਉਨ੍ਹਾਂ ਨੂੰ ਸਾਰੀਆਂ ਸਹੂਲਤਾਂ ਦੇਣ ਲਈ ਤੁਹਾਡਾ ਧੰਨਵਾਦ।

# ਲੋਕਾਂ ਨੂੰ ਸਾਫ਼ ਇੰਧਣ, EV ਅਪਨਾਉਣ ਲਈ ਉਤਸ਼ਾਹਿਤ ਕਰਨ ਵਾਸਤੇ ਜਿਸਤ/ਟਾਂਕ ਨਿਯਮ ਲਾਗੂ ਕੀਤਾ ਜਾਵੇ: ਆਈ.ਬੀ.ਏ

ਨਵੀਂ ਦਿੱਲੀ, 17 ਨਵੰਬਰ, (ਜਸਵਿੰਦਰ ਸਿੰਘ ਬਿੱਟਾ)-ਭਾਰਤੀਬਾਇਓਗੈਸ ਐਸੋਸੀਏਸ਼ਨ ਨੇ ਹਵਾ ਪ੍ਰਦੂਸ਼ਣ 'ਤੇ ਲਗਾਮ ਲਾਉਣ ਅਤੇ ਲੋਕਾਂ ਨੂੰ ਇਲੈਕਟ੍ਰਿਕ ਵਾਹਨ, ਕੰਪ੍ਰੈਸਡ ਬਾਇਓਗੈਸ ਜਾਂ ਕੁਦਰਤੀ ਗੈਸ 'ਤੇ ਆਧਾਰਿਤ ਵਾਹਨਾਂ ਨੂੰ ਅਪਣਾਉਣ ਲਈ ਉਤਸ਼ਾਹਿਤ ਕਰਨ ਵਾਸਤੇ ਦਿੱਲੀ ਐੱਨ.ਸੀ.ਆਰ ਵਿੱਚ ਚਾਰ ਪਹੀਆ ਵਾਹਨਾਂ ਲਈ ਜਿਸਤ-ਟਾਂਕ ਨਿਯਮ ਲਾਗੂ ਕਰਨ ਦਾ ਸੁਝਾਅ ਦਿੱਤਾ ਹੈ। ਗਰੇਡਿਡ ਰਿਸਪਾਂਸ ਐਕਸ਼ਨ ਪਲਾਨ (GRAP) 4 (450 ਤੋਂ ਜ਼ਿਆਦਾ ਹਵਾ ਗੁਣਵੱਤਾ ਸੂਚਕਅੰਕ ਦੇ ਨਾਲ) ਉਪਾਅ ਤਹਿਤ ਚਾਰ ਪਹੀਆ ਵਾਹਨਾਂ ਲਈ ਜਿਸਤ ਤੇ ਟਾਂਕ ਨਿਯਮ ਲਾਗੂ ਕੀਤਾ ਜਾਂਦਾ ਹੈ। ਹਵਾ ਦੀ ਗੁਣਵੱਤਾ ਲਈ ਪ੍ਰਬੰਧਨ ਕਮਿਸ਼ਨ ਨੇ ਪਹਿਲਾਂ ਹੀ ਹਵਾ ਦੀ ਗੁਣਵੱਤਾ ਦੇ ਗੰਭੀਰ ਸੂਚੀ ਵਿੱਚ ਬਣੇ ਰਹਿਣ ਦੇ ਨਾਲ ਹੀ GRAP 3 ਉਪਾਅ ਲਾਗੂ ਕਰ ਦਿੱਤੇ ਹਨ।






Only This Weekend

# BRAMPTON CASH & CARRY

Importer | Wholesaler | Retailer

100 KENNEDY RD S
BRAMPTON, ON
L6W 3E7

## GURPURAB SPECIAL

FROM 15TH NOV,2024 TO 17TH NOV,2024

IN STORE ONLY




Milk 3.2%
4L

$6.49

+905-230-4800

ਸਮੂਹ ਇਲਾਕਾ ਨਿਵਾਸੀਆਂ ਨੂੰ ਇਹ ਜਾਣਕੇ ਬਹੁਤ ਖੁਸ਼ੀ ਹੋਵੇਗੀ ਕਿ ਮਨੁੱਖਤਾ ਦੀ ਸੇਵਾ ਲਈ

# ਵਿਸ਼ਵ ਪੰਜਾਬੀ ਸਭਾ ਕੈਨੇਡਾ ਵੱਲੋਂ

**ਸ਼ੰਕਰਾ ਆਈ ਹਸਪਤਾਲ (ਲੁਧਿਆਣਾ) ਦੇ ਸਹਿਯੋਗ ਨਾਲ**

# ਅੱਖਾਂ ਦਾ ਮੁਫ਼ਤ ਚੈੱਕਅਪ ਆਪ੍ਰੇਸ਼ਨ ਕੈਂਪ




ਮਿਤੀ 21 ਨਵੰਬਰ 2024 (ਸਮਾਂ ਸਵੇਰੇ 9 ਤੋਂ 1 ਵਜੇ ਤੱਕ)
ਸਥਾਨ:-ਗੁਰਦੁਆਰਾ ਬੁੰਗਾ ਸਾਹਿਬ, ਕੋਟਸ਼ਮੀਰ,
ਬਲਾਕ ਗੋਨੇਆਣਾ, (ਬਠਿੰਡਾ) ਦੇ ਸਹਿਯੋਗ ਨਾਲ



ਚਿੱਟੇ ਮੋਤੀਏ ਦੇ ਮਰੀਜ਼ਾ ਦਾ ਅਪ੍ਰੇਸ਼ਨ ਫਰੀ ਕੀਤਾ ਜਾਵੇਗਾ।

ਕੈਂਪ ਦੌਰਾਨ ਦਵਾਈਆਂ ਅਤੇ ਐਨਕਾਂ ਮੁਫ਼ਤ ਵੰਡੀਆਂ ਜਾਣਗੀਆਂ

**ਨੋਟ :-**

1. ਮਰੀਜ਼ ਆਪਣਾ ਆਧਾਰ ਕਾਰਡ ਜਾਂ ਵੋਟਰ ਕਾਰਡ ਦੀ ਕਾਪੀ ਜ਼ਰੂਰ ਨਾਲ ਲੈ ਕੇ ਆਉਣ।
2. ਆਪਣੇ ਨਾਲ 2 ਮੋਬਾਇਲ ਨੰਬਰ ਲਿਖ ਕੇ ਲਿਆਉਣਾ।
3. ਜਿਹੜੇ ਮਰੀਜ਼ ਕਿਸੇ ਬਿਮਾਰੀ ਦੀ ਦਵਾਈ ਖਾਂਦੇ ਹਨ, ਉਹ ਆਪਣੀ ਦਵਾਈ ਨਾਲ ਲੈ ਕੇ ਆਉਣ ਜੀ।

94172-87122 98729-13053

ROYAL SHIELD GROUP


# SUPER VISA INSURANCE

EMERGENCY MEDICAL INSURANCE FOR

- STUDENTS
- WORK PERMIT HOLDERS
- VISITORS

TEHAL SINGH BRAR
INSURANCE ADVISOR
905-782-2013

SAHAS BRAR
416-660-6151






CHILD PLAN

Do you want to give a Life Time Gift to your Child? Call Now to set up this plan!

A MAGICAL POLICY
20 Years To Pay!

# BRAMPTON CASH AND CARRY

| | |
|---|---|
| WHOLESALER | IMPORTER |
| DISTRIBUTOR | RETAILER |

**Wholesaler, Importer, Distributor & Retailer of Restaurants Supply**








BRAMPTON
CASH & CARRY

Brampton CashandCarry2023@gmail.com

**905-230-4800**

**100 Kennedy Road S., Brampton, ON L6W 3E7**


AAPKI PASAND AAPKA SWAAD
DURUM CHAKKI
ATTA
Aapki PASAND
AAPKA SWAAD
आटा
ਆਟਾ
Indian Style
DURUM CHAKKI ATTA
FARINE DE BLÉ
WHOLE WHEAT 100% BLÉ ENTIER
6HR
WEIGHT
20LB
PRICE
$9.99
6HR SOFTNESS
BEST FOR ROLLS, PARANTHAS. POORIS & HOTBREADS
Contact us
905-230-4800 | 416-700-9100
100 KENNEDY ROAD S., BRAMPTON ON L6W 3E7, CANADA